# India Delivers Emergency Relief Assistance to Syria

February 08, 2023

................

## ਭਾਰਤ ਨੇ ਸੀਰੀਆ ਨੂੰ ਦਿੱਤੀ ਐਮਰਜੈਂਸੀ ਰਾਹਤ ਲਈ ਮਦਦ

## 8 ਫਰਵਰੀ, 2023

1. 6 ਫਰਵਰੀ 2023 ਨੂੰ ਉੱਤਰੀ-ਪੱਛਮੀ ਸੀਰੀਆ ਵਿੱਚ ਆਏ ਭਿਆਨਕ ਭੂਚਾਲ ਦੇ ਮੱਦੇਨਜ਼ਰ ਭਾਰਤ ਸਰਕਾਰ ਨੇ ਸੀਰੀਆ ਲਈ ਭਾਰਤੀ ਹਵਾਈ ਸੈਨਾ ਦੇ ਇੱਕ ਵਿਸ਼ੇਸ਼ ਜਹਾਜ਼ ਰਾਹੀਂ 6 ਟਨ ਐਮਰਜੈਂਸੀ ਰਾਹਤ ਮਦਦ ਭੇਜੀ ਹੈ।

2. ਇਹ ਖੇਪ ਸੀਰੀਆ ਨੂੰ ਭਾਰਤ ਦੇ Cd’A ਸ਼੍ਰੀ ਐਸ ਕੇ ਯਾਦਵ ਦੁਆਰਾ ਸੀਰੀਆ ਦੇ ਸਥਾਨਕ ਪ੍ਰਸ਼ਾਸਨ ਅਤੇ ਵਾਤਾਵਰਣ ਉਪ ਮੰਤਰੀ ਨੂੰ ਅੱਜ ਸਵੇਰੇ ਦਮਿਸ਼ਕ ਹਵਾਈ ਅੱਡੇ 'ਤੇ ਸੌਂਪੀ ਗਈ। ਇਸ ਖੇਪ ਵਿੱਚ ਐਮਰਜੈਂਸੀ ਦਵਾਈਆਂ ਅਤੇ ਪੋਰਟੇਬਲ ਈਸੀਜੀ ਮਸ਼ੀਨਾਂ, ਮਾਨੀਟਰ ਅਤੇ ਹੋਰ ਜ਼ਰੂਰੀ ਮੈਡੀਕਲ ਵਸਤੂਆਂ ਸਮੇਤ ਸਾਜ਼ੋ-ਸਾਮਾਨ ਸ਼ਾਮਲ ਹੈ।

3. ਭਾਰਤ ਪਿਛਲੇ ਸਾਲਾਂ ਤੋਂ ਸੀਰੀਆ ਨੂੰ ਦੁਵੱਲੇ ਅਤੇ ਬਹੁਪੱਖੀ ਚੈਨਲਾਂ ਰਾਹੀਂ ਮਨੁੱਖੀ, ਤਕਨੀਕੀ ਅਤੇ ਵਿਕਾਸ ਸੰਬੰਧੀ ਸਹਾਇਤਾ ਦੇ ਰਿਹਾ ਹੈ। ਭੋਜਨ ਅਤੇ ਦਵਾਈਆਂ ਦੀਆਂ ਖੇਪਾਂ ਸੀਰੀਆ ਨੂੰ ਸਮੇਂ-ਸਮੇਂ 'ਤੇ ਸਪਲਾਈ ਕੀਤੀਆਂ ਜਾਂਦੀਆਂ ਹਨ, ਜੋ ਮਹਾਂਮਾਰੀ ਦੌਰਾਨ ਵੀ ਦਿੱਤੀਆਂ ਗਈਆਂ ਸੀ। ਸੀਰੀਆ ਵਿੱਚ ਦਸੰਬਰ, 2020 ਵਿੱਚ ਅਤੇ ਹਾਲੀਆ ਸਮੇਂ ਵਿੱਚ ਅਕਤੂਬਰ-ਨਵੰਬਰ, 2022 ਵਿੱਚ ਦੋ ਨਕਲੀ ਅੰਗ ਫਿਟਮੈਂਟ ਕੈਂਪ (ਜੈਪੁਰ ਫੁੱਟ) ਕਰਾਏ ਗਏ ਸਨ। ਅਕਤੂਬਰ, 2021 ਵਿੱਚ ਦਮਿਸ਼ਕ ਵਿੱਚ ਨੈਕਸਟ-ਜਨਰਲ ਸੂਚਨਾ ਤਕਨਾਲੋਜੀ ਸੈਂਟਰ ਸਥਾਪਿਤ ਕੀਤਾ ਗਿਆ ਸੀ। ਸੀਰੀਆ ਦੇ ਵਿਦਿਆਰਥੀਆਂ ਨੂੰ ਭਾਰਤ ਵਿੱਚ ਵੱਖ-ਵੱਖ ਵਿਸ਼ੇ ਪੜ੍ਹਨ ਲਈ ਲਗਭਗ 1500 ਵਜ਼ੀਫੇ ਪ੍ਰਦਾਨ ਕੀਤੇ ਗਏ ਹਨ।

ਨਵੀਂ ਦਿੱਲੀ

8 ਫਰਵਰੀ, 2023

DISCLAIMER: This is an approximate translation. The original is available in English on MEA’s website and may be referred to as the official press release.